


# "ਤਾਰਿਕ ਮਹਿਤਾ ਕਾ ਉਲਟਾ ਚਸ਼ਮਾ'' ਦੀ ਮੁਖ ਨਾਇਕਾ ਦਯਾ ਬਹਿਨ ਉਰਫ ਦਿਸ਼ਾ ਵਕਾਨੀ ਵਿਆਹ ਦੇ ਬੰਧਨ 'ਚ ਬੱਝੀ





ਮੁੰਬਈ / ਡਾ.ਮਨਜੀਤ ਸਿਘ ਸਰਾਂ

'ਸਭ' ਟੀ.ਵੀ. ਦੇ ਮਸ਼ਹੂਰ ਟੀ. ਸੀਰਿਅਲ "ਤਾਰਿਕ ਮਹਿਤਾ ਕਾ ਉਲਟਾ ਚਸ਼ਮਾ'' ਦੀ ਮੁਖ ਨਾਇਕਾ ਦਯਾ ਬਹਿਨ ਉਰਫ ਦਿਸ਼ਾ ਵਕਾਨੀ ਵਿਆਹ ਦੇ ਬੰਧਨ 'ਚ ਬਝ ਗਈ। ਬੇਸ਼ਕ ਦਿਸ਼ਾ ਵਕਾਨੀ ਨੇ ਕਈ ਫਿਲਮਾਂ ਜਿਵੇਂ ਦੇਵਦਾਸ ਤੇ ਜੋਧਾ-ਅਕਬਰ ਵਰਗੀਆਂ ਸੁਪਰ ਹਿੱਟ ਫਿਲਮਾਂ ਵੀ ਕੀਤੀਆਂ ਹਨ ਪਰ ਜੋ ਪ੍ਰਸਿਧੀ ਉਸ ਨੂੰ ਦਯਾ ਬਹਿਨ ਦੇ ਰੋਲ ਨਾਲ "ਤਾਰਿਕ ਮਹਿਤਾ ਕਾ ਉਲਟਾ ਚਸ਼ਮਾ'' 'ਚੋਂ ਮਿਲੀ ਹੈ, ਓਹ ਫਿਲਮਾਂ ਚੋਂ ਨਹੀ ਮਿਲੀ। ਉਸਦਾ ਵਿਆਹ ਓਸ਼ੀਵਾੜਾ (ਮੁੰਬਈ ) ਦੇ ਮਹੇਸ਼ਵਰੀ ਪੈਲੇਸ ਚਾਂ ਬੜੀ ਧੂਮ ਧਾਮ ਨਾਲ ਹੋਇਆ ਹੈ। ਲਾਲ ਲਹਿਗਾ ਤੇ ਭਾਰੀ ਜਿਊਲਰੀ 'ਚ ਸਜੀ ਦਿਸ਼ਾ ਵਕਾਨੀ ਨੂੰ ਨਵੀ ਜਿੰਦਗੀ ਲਈ ਸ਼ੁਭ ਕਾਮਨਾਵਾਂ ਦੇਣ ਲਈ ਜਿਥੇ ਬੁਹਤ ਸਾਰੀ ਫਿਲਮ ਇੰਡਸਟਰੀ ਵਿਆਹ ਮੌਕੇ ਪਹੁੰਚੀ, ਉਥੇ "ਤਾਰਿਕ ਮਹਿਤਾ ਕਾ ਉਲਟਾ ਚਸ਼ਮਾ'' ਦੀ ਸਾਰੀ ਟੀਮ ਵੀ ਖਾਸ ਤੋਰ ਪਹੁੰਚੀ। ਅਸੀਂ ਦਿਸ਼ਾ ਵਕਾਨੀ ਉਰਫ ਦਯਾ ਬਹਿਨ ਨੂੰ ਵਿਆਹ ਦੀਆਂ ਢੇਰ ਸਾਰੀਆਂ ਮੁਬਾਰਕਾਂ ਭੇਜਦੇ ਹਾਂ। ਉਲਟਾ ਚਸ਼ਮਾ ਦੇ ਤਕਰੀਬਨ 1800 ਐਪੀਸੋਡ ਕਰ ਚੁੱਕੀ ਦਯਾ ਅਗੇ ਕੀ ਕਦਮ ਚੁੱਕਦੀ ਹੈ, ਇਹ ਤਾਂ ਅਗੇ ਆਉਣ ਵਾਲਾ ਸਮਾਂ ਹੀ ਦਸੇਗਾ।

## ਮੈਨੂੰ ਭਾਰਤੀ ਹੋਣ ਤੇ ਮਾਣ ਹੈ ਅਤੇ ਮੈ ਆਪਣੇ ਆਖਰੀ ਸਾਹਾਂ ਤੱਕ ਇਥੇ ਹੀ ਰਹਾਂਗਾ - ਆਮਿਰ ਖਾਨ

ਮੁੰਬਈ / ਐਮ.ਐਸ.ਨਿਓਜ਼.ਬਿਓਰੋ.

ਅਸਹਿਣਸ਼ੀਲਤਾ 'ਤੇ ਦਿੱਤੇ ਬਿਆਨ ਦੇ ਬਾਅਦ ਹਰ ਪਾਸਿਊਂ ਘਿਰੇ ਬਾਲੀਵੁੱਡ ਅਦਾਕਾਰ ਆਮਿਰ ਖਾਨ ਨੇ ਆਪਣੀ ਚੁੱਪੀ ਤੋੜਦਿਆਂ ਕਿਹਾ ਕਿ ਉਸ ਦਾ ਅਤੇ ਉਸ ਦੀ ਪਤਨੀ ਦਾ ਭਾਰਤ ਛੱਡਣ ਦਾ ਕੋਈ ਇਰਾਦਾ ਨਹੀਂ ਹੈ ਤੇ ਨਾ ਰਹੇਗਾ। ਪ੍ਰੰਤੂ ਆਮਿਰ ਨੇ ਕਿਹਾ ਕਿ ਉਹ ਆਪਣੇ ਬਿਆਨ 'ਤੇ ਕਾਇਮ ਹਨ। 50 ਸਾਲਾ ਆਮਿਰ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਭਾਰਤੀ ਹੋਣ 'ਤੇ ਮਾਣ ਹੈ¢ ਉਹ ਭਾਰਤ ਨਾਲ ਪਿਆਰ ਕਰਦੇ ਹਨ, ਜੋ ਉਨ੍ਹਾਂ ਦਾ ਵਿਰੋਧ ਕਰ ਰਹੇ ਹਨ, ਉਨ੍ਹਾਂ ਜਾ ਤਾਂ ਉਹ ਇੰਟਰਵਿਊ ਨਹੀਂ ਵੇਖਿਆ ਜਾ ਫਿਰ ਉਹ ਜਾਣ-ਬੁਝ ਕੇ ਮੈਂ ਜੋ ਕਿਹਾ ਕਿ ਉਸ ਨੂੰ ਤੋੜ-ਮਰੋੜ ਕੇ ਪੇਸ਼ ਕਰ ਰਹੇ ਹਨ। ਆਮਿਰ ਨੇ ਕਿਹਾ ਕਿ ਮੈ ਖੁਸ਼ਨਸੀਬ ਹਾਂ ਕਿ ਮੈ ਭਾਰਤ 'ਚ ਜਨਮਿਆ ਅਤੇ ਇਹ ਹੀ ਉਹ ਦੇਸ਼ ਹੈ ਜਿਥੇ ਮੈਂ ਰਹਿ ਰਿਹਾ ਹਾਂ। ਆਮਿਰ ਨੇ ਕਿਹਾ ਕਿ ਜੋ ਵੀ ਮੈਨੂੰ ਦੇਸ਼ ਵਿਰੋਧੀ ਕਹਿ ਰਹੇ ਹਨ ਉਨ੍ਹਾਂ ਨੂੰ ਮੈ ਕਹਿਣਾ ਚਾਹੁੰਦਾ ਹਾਂ ਕਿ ਮੈਨੂੰ ਭਾਰਤੀ ਹੋਣ 'ਤੇ ਮਾਣ ਹੈ ਅਤੇ ਮੈਨੂੰ ਇਥੇ ਰਹਿਣ ਦੇ ਲਈ ਕਿਸੇ ਦੀ ਇਜਾਜ਼ਤ ਜਾਂ ਦੇਸ਼ ਭਗਤੀ ਸਾਬਿਤ ਕਰਨ ਲਈ ਸਰਟੀਫਿਕੇਟ ਦੀ ਲੋੜ ਨਹੀਂ ਹੈ। ਉਨ੍ਹਾਂ ਆਪਣੇ 'ਤੇ ਉਂਗਲੀਆਂ ਉਠਾਉਣ ਅਤੇ ਸਵਾਲ ਖੜਾ ਕਰਨ ਵਾਲਿਆਂ ਦੇ ਬਾਰੇ ਵਿਚ ਉਨ੍ਹਾਂ ਨੂੰ ਕਿਹਾ ਕਿ 'ਰੌਲਾ ਪਾਉਣ ਵਾਲੇ, ਗਾਲਾਂ ਦੇਣ ਵਾਲੇ ਮੈਨੂੰ ਸਹੀ ਸਾਬਿਤ ਕਰ ਰਹੇ ਹਨ।' ਆਮਿਰ ਨੇ ਉਨ੍ਹਾਂ ਦੇ ਬਿਆਨ ਦਾ ਸਮਰਥਨ ਕਰਨ ਵਾਲਿਆਂ ਦਾ ਧੰਨਵਾਦ ਕੀਤਾ।



ਆਮਿਰ ਖਾਨ ਨੇ ਰਵਿੰਦਰ ਨਾਥ ਟੈਗੋਰ ਦੀ ਇਕ ਕਵਿਤਾ 'ਵੀਅਰ ਦਾ ਮਾਈਂਡ ਵਿਦਾਊਟ ਫੀਅਰ' ਦੀਆਂ ਲਾਈਨਾਂ ਪੜ ਕੇ ਆਪਣੇ ਬਿਆਨ ਦੀ ਸਮਾਪਤੀ ਕੀਤੀ। ਜ਼ਿਕਰਯੋਗ ਹੈ ਕਿ ਆਮਿਰ ਖਾਨ ਨੇ ਕਿਹਾ ਸੀ ਕਿ ਉਹ ਦੇਸ਼ ਦੇ ਮਾਹੌਲ ਤੋਂ ਫਿਕਰਮੰਦ ਅਤੇ ਉਦਾਸ ਹਨ। ਉਨ੍ਹਾਂ ਗੱਲਾਂ 'ਚ ਕਿਹਾ ਸੀ ਕਿ ਇਕ ਵਾਰ ਤਾਂ ਉਨ੍ਹਾਂ ਦੀ ਪਤਨੀ ਕਿਰਨ ਰਾਓ ਨੇ ਦੇਸ਼ ਛੱਡਣ ਦੀ ਸਲਾਹ ਦਿੱਤੀ ਸੀ। ਆਮਿਰ ਦੇ ਇਸ ਬਿਆਨ ਦੇ ਬਾਅਦ ਉਨ੍ਹਾਂ ਦੇ ਖਿਲਾਫ ਜਮ ਕੇ ਪ੍ਰਦਰਸ਼ਨ ਹੋਇਆ ਸੀ। ਭਾਜਪਾ ਨੇਤਾਵਾਂ ਵੱਲੋਂ ਉਨ੍ਹਾਂ ਦੀ ਸਖਤ ਅਲੋਚਨਾ ਕੀਤੀ ਗਈ ਸੀ।

## ਬਾਲੀਵੁੱਡ ਫਿਲਮ "ਪੀ ਕੇ'' ਵਿੱਚ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਦੋਸ਼

ਨਵੀਂ ਦਿੱਲੀ / ਬਿਓਰੋ

ਆਮਿਰ ਖਾਨ ਦੀ ਪੀ ਕੇ ਫਿਲਮ ਵਿਵਾਦਾਂ ਵਿਚ ਜਿੱਥੇ ਹਿੰਦੂ ਭਾਈਚਾਰੇ ਨੇ ਫਿਲਮ ਉੱਤੇ ਹਿੰਦੂ ਦੇਵੀ-ਦੇਵਤਿਆਂ ਦਾ ਮਜ਼ਾਕ ਉਡਾਉਣ ਦਾ ਦੋਸ਼ ਲਾਇਆ ਹੈ, ਉੱਥੇ ਸਿੱਖ ਭਾਈਚਾਰੇ ਨੇ ਕਿਹਾ ਕਿ ਇਸ ਵਿਚ ਸਿੱਖ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਗਈ ਹੈ।

ਸਿੱਖ ਭਾਈਚਾਰੇ ਦੇ ਕੁਝ ਲੋਕਾਂ ਨੇ ਕਿਹਾ ਹੈ ਕਿ ਇਸ ਵਿਚ ਸਿੱਖਾਂ ਨੂੰ ਗਲਤ ਪ੍ਰਸੰਗ ਵਿਚ ਪੇਸ਼ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਇਸ ਵਿਚ ਇਕ ਸਿੱਖ ਨੂੰ ਪਤਨੀ ਦੀ ਬਿਮਾਰੀ ਦਾ ਝੂਠ ਬੋਲ ਕੇ ਭੀਖ ਮੰਗਦੇ ਹੋਏ ਦਿਖਾਇਆ ਗਿਆ ਹੈ ਜੋ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਸਿੱਖ ਮਿਹਨਤ ਵਿਚ ਭਰੋਸਾ ਕਰਦੇ ਹਨ, ਭੀਖ ਮੰਗਣਾ ਅਤੇ ਝੂਠ ਬੋਲਣਾ ਉਹਨਾਂ ਦੇ ਖ਼ੂਨ ਵਿਚ ਨਹੀਂ ਹੈ। ਫਿਲਮ ਵਿਚ ਇਕ ਹੋਰ ਸਿੱਖ ਨੂੰ ਹਿੰਦੂ ਪੁਜਾਰੀ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਜੋ




ਕਿ ਸਿੱਖਾਂ ਦੀ ਧਾਰਮਿਕ ਮਰਿਆਦਾ ਦੇ ਵਿਰੁੱਧ ਹੈ। ਸਿੱਖ ਦੇ ਖੁੱਲੇ ਕੇਸ ਵੀ ਮਰਿਆਦਾ ਦੀ ਉਲੰਘਣਾ ਹਨ। ਫਿਲਮ ਵਿਚ ਇਕ ਹੋਰ ਆਦਮੀ ਨੂੰ ਸਿੱਖੀ ਸਰੂਪ ਵਿਚ ਦਿਖਾਇਆ ਗਿਆ ਹੈ ਅਤੇ ਵਿਚ ਉਸ ਦੀ ਪੱਗੜੀ ਉਤਾਰ ਕੇ ਕਿਹਾ ਜਾਂਦਾ ਹੈ ਕਿ ਲਓ ਪੱਗੜੀ ਉਤਾਰ ਗਈ ਤਾਂ ਹੁਣ ਬਣ ਗਿਆ ਮੁਸਲਮਾਨ। ਇਕ ਬੱਚਾ ਪ੍ਰੀਖਿਆ ਦੇਣ ਜਾ ਰਿਹਾ ਹੈ¢ ਉਸ ਨੂੰ ਇਕ ਪੱਥਰ ਦੀ ਅੱਗੇ ਮੱਥਾ ਟੇਕਦੇ ਹੋਏ ਦਿਖਾਇਆ ਗਿਆ ਪਰ ਸਿੱਖ ਵਿਚ ਮੂਰਤੀ ਪੂਜਾ ਦੀ ਪੂਰੀ ਤਰ੍ਹਾਂ ਮਨਾਹੀ ਹੈ। ਇਸ ਨੂੰ ਸਿੱਖ ਭਾਈਚਾਰਾ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਲਈ ਗੱਲ ਕਹਿ ਕੇ ਆਲੋਚਨਾ ਕਰ ਰਿਹਾ ਹੈ।

ਉੱਧਰ ਹਿੰਦੂ ਭਾਈਚਾਰੇ ਨੇ ਵੀ ਅਜਿਹੀ ਹੀ ਪ੍ਰਤੀਕਿਰਿਆ ਪ੍ਰਗਟ ਕੀਤੀ ਹੈ। ਆਮਿਰ ਖਾਨ ਦੀ ਫਿਲਮ ਪੀ ਕੇ ਨੇ ਭਾਵੇਂ ਜ਼ਬਰਦਸਤ ਸ਼ੁਰੂਆਤ ਕੀਤੀ ਹੈ ਪਰ ਫਿਲਮ ਦੀ ਸ਼ੋਸ਼ਲ ਮੀਡੀਆ ਉੱਤੇ ਤਿੱਖੀ ਆਲੋਚਨਾ ਹੋ ਰਹੀ ਹੈ। ਹਿੰਦੂ ਭਾਈਚਾਰੇ ਦੇ ਕਈ ਲੋਕ ਫਿਲਮ ਦਾ ਬਾਈਕਾਟ ਕਰਨ ਦੀ ਗੱਲ ਕਹਿ ਰਹੇ ਹਨ।

## ਸੰਗੀਤਾ ਅਪਾਰਟਮੈਂਟ ਜਿਥੇ ਸਦਾ ਬਹਾਰ ਅਦਾਕਾਰਾ ਸਾਧਨਾ ਨੇ ਆਪਣੇ ਆਖਰੀ ਸਾਹ ਲਏ

ਮੁੰਬਈ / ਡਾ. ਮਨਜੀਤ ਸਿਘ ਸਰਾਂ



ਮੈਨੂੰ ਯਾਦ ਨੇ ਮਾਰਚ 2011 ਦਾ ਦਿਨ ਜਿਸ ਦਿਨ ਮੈਂ ਤੇ ਮੇਰਾ ਦੋਸਤ ਦੀਪਕ ਬਲਰਾਜ (ਨਿਰਮਾਤਾ -ਨਿਰਦੇਸ਼ਕ "ਜਾਨ ਤੇਰੇ ਨਾਮ'') ਖਾਰ ਸਥਿਤ ਸਾਧਨਾ ਜੀ ਦੇ "ਸੰਗੀਤ'' ਅਪਾਰਟਮੈਂਟ ਗਏ ਸੀ। ਸਾਧਨਾ ਸਰੀਰਕ ਤੋਰ ਕਾਫੀ ਕੰਮਜ਼ੋਰ ਸੀ ਪਰ ਫੇਰ ਵੀ ਨੌਕਰ ਦੇ ਦੱਸਣ ਤੇ ਉਠਕੇ ਆਈ ਪਰ ਉਮਰ ਦੇ ਹਿਸਾਬ ਨਾਲ ਓਨਾਂ ਨੂੰ ਮੁਸ਼ਕਿਲ ਆ ਰਹੀ ਸੀ, ਉਂਝ ਵੀ ਮਾਨਸਿਕ ਤੋਰ ਪਰੇਸ਼ਾਨ ਸੀ ਕਿਓਂਕਿ ਉਸਦੇ ਬੰਗਲਾ ਤੇ ਕਿਸੇ ਹੋਰ ਨੇ ਗੈਰ ਤਰੀਕੇ ਨਾਲ ਕਬਜਾ ਕੀਤਾ ਹੋਇਆ ਸੀ ਅਤੇ ਕੁਝ ਹਿੱਸਾ ਓਨਾਂ ਕੋਲ ਸੀ ਅਤੇ ਬੰਗਲੇ ਦੀ ਕੀਮਤ ਵੀ 16 ਕਰੋੜ ਦੇ ਨੇੜ ਤੇੜ ਸੀ। ਬਾਕੀ ਓਹ ਦੁਨੀਆਂ ਦਾਰੀ ਤੋਂ ਥੋੜ੍ਹਾ ਪਰੇਸ਼ਾਨ ਸੀ ਅਤੇ ਫਿਲਮ ਇੰਡਸਟਰੀ ਦੇ ਹਮ ਉਮਰ ਨਿਰਮਾਤਾ ਨਿਰਦੇਸ਼ਕਾਂ ਤੋਂ ਨਾਰਾਜ਼ ਸੀ ਕਿ ਓਨਾਂ 'ਚੋਂ ਕਿਸੇ ਨੇ ਵੀ ਓਨਾਂ ਦੇ ਮਾੜੇ ਸਮੇਂ 'ਚ ਸਾਥ ਨਹੀ ਦਿੱਤਾ। ਸਾਧਨਾ ਆਪਣੀ ਜਿੰਦਗੀ ਦੇ 74 ਸਾਲ ਪੂਰੇ ਕਰਕੇ ਇਸ ਦੁਨੀਆਂ ਨੂੰ ਸਦਾ ਲਈ ਅਲਵਿਦਾ ਆਖ ਗਏ। ਦੁੱਖ ਹੈ ਕਿ ਇਕ ਕਮਾਲ ਦੀ ਅਦਾਕਾਰਾ ਹਮੇਸ਼ਾਂ ਲਈ ਸਾਡੇ ਕੋਲੋਂ ਖੁਸ ਗਈ ਹੈ ਅਤੇ ਫਿਲਮ ਇੰਡਸਟਰੀ ਨੂੰ ਇਕ ਨਾਂ ਪੂਰਾ ਹੋਣ ਵਾਲਾ ਘਾਟਾ ਪਿਆ ਹੈ।